12

# ''ਨੇੜੇ ਆਇਆ ਹੈ!''

## ਬਾਈਬਲ ਪਾਠ #3

II. ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਸੇਵਕਾਈ ਦੀ ਸ਼ੁਰੂਆਤ।
  ੳ. ਯੂਹੰਨਾ ਦੀ ਸੇਵਕਾਈ (ਮੱਤੀ 3:1–6; ਮਰਕੁਸ 1:1–6; ਲੂਕਾ 3:1–6)।
  ਅ. ਯੂਹੰਨਾ ਦਾ ਸੁਨੇਹਾ (ਮੱਤੀ 3:7–12; ਮਰਕੁਸ 1:7, 8; ਲੂਕਾ 3:7–18)।

III. ਯਿਸੂ ਦੀ ਸੇਵਕਾਈ ਦੀ ਸ਼ੁਰੂਆਤ।
  ੳ. ਯਰਦਨ ਦਰਿਆ ਵਿਚ ਯੂਹੰਨਾ ਹੱਥੋਂ ਯਿਸੂ ਦਾ ਬਪਤਿਸਮਾ (ਮੱਤੀ 3:13–17; ਮਰਕੁਸ 1:9–11; ਲੂਕਾ 3:21, 22; ਯੂਹੰਨਾ 1:31–34)।
  ਅ. ਉਜਾੜ ਵਿਚ ਯਿਸੂ ਦੀ ਅਜ਼ਮਾਇਸ਼ ਹੋਈ (ਮੱਤੀ 4:1–11; ਮਰਕੁਸ 1:12, 13; ਲੂਕਾ 4:1–13)।
  ੲ. ਯਿਸੂ ਲਈ ਯੂਹੰਨਾ ਦੀ ਗਵਾਹੀ (ਯੂਹੰਨਾ 1:19–34)।

### ਜਾਣ ਪਛਾਣ

ਯੂਹੰਨਾ ਬਪਤਿਸਮਾ ਦੇਣ ਵਾਲੇ ਵੱਲੋਂ ''ਆਣ ਕੇ ਯਹੂਦੀਆ ਦੇ ਉਜਾੜ ਵਿਚ ਪ੍ਰਚਾਰ ਕਰਨ'' ਲੱਗਿਆਂ ਉਸ ਦਾ ਮੁੱਖ ਪ੍ਰਚਾਰ ਇਹੀ ਸੀ, ''ਤੌਬਾ ਕਰੋ ਕਿਉਂ ਜੋ ਸੁਰਗ ਦਾ ਰਾਜ[1] ਨੇੜੇ ਆਇਆ ਹੈ'' (ਮੱਤੀ 3:1, 2)। ਸਾਡੇ ਲਈ ਇਹ ਕਲਪਨਾ ਕਰਨਾ ਮੁਸ਼ਕਿਲ ਹੈ ਕਿ ਉਸ ਦੇ ਸੁਣਨ ਵਾਲਿਆਂ ਲਈ ਇਹ ਸ਼ਬਦ ਕਿੰਨੇ ਰੁਮਾਂਚ ਭਰੇ ਹੋਣਗੇ। ਮਸੀਹ ਦਾ ਯੁੱਗ ''ਨੇੜੇ ਆਇਆ'' ਸੀ! ਮਸੀਹਾ ਦੇ ਜ਼ਾਹਿਰ ਹੋਣ ਵਿਚ ਹੁਣ ਬਹੁਤਾ ਸਮਾਂ ਨਹੀਂ ਰਹਿ ਗਿਆ ਸੀ!

''ਸਾਡੇ ਲਈ ਇਕ ਬਾਲਕ ਜੰਮਿਆ'' ਪਾਠ ਯਿਸੂ ਦੇ ਮੁੱਢਲੇ ਤੀਹਾਂ ਸਾਲਾਂ ਭਾਵ ਤਿਆਰੀ ਦੇ ਸਾਲਾਂ ਤੇ ਕੇਂਦਰਤ ਸੀ। ਅਗਲੇ ਪਾਠ ਵਿਚ ਯਿਸੂ ਦੇ ਕੰਮ ਦੇ ਸ਼ੁਰੂਆਤੀ ਦਿਨਾਂ ਨੂੰ ਤਰਤੀਬਬੱਧ ਕੀਤਾ ਗਿਆ ਹੈ, ਜਦ ਉਹ ਵਿਖਾਉਣ ਲਗਦਾ ਹੈ ਕਿ ਉਹ ਹੀ ਮਸੀਹ ਹੈ। ਦੋਹਾਂ ਦੇ ਵਿਚਕਾਰ, ਤਿਆਰੀ ਦਾ ਆਖ਼ਰੀ ਪੜਾਅ ਜ਼ਰੂਰੀ ਸੀ। ਇਹ ਅਧਿਐਨ ਉਨ੍ਹਾਂ ਘਟਨਾਵਾਂ ਤੇ ਅਧਾਰਿਤ ਹੈ, ਜਿਨ੍ਹਾਂ ਨਾਲ ਯਿਸੂ ਦੀ ਲੋਕ ਸੇਵਕਾਈ ਵਾਸਤੇ ਜ਼ਮੀਨ ਤਿਆਰ ਹੋਈ।

### ਮਸੀਹਾ ਦੀ ਉਡੀਕ
### (ਮੱਤੀ 3:1-12; ਮਰਕੁਸ 1:1-8; ਲੂਕਾ 3:1-18)

ਨਬੀਆਂ ਨੇ ਪਹਿਲਾਂ ਹੀ ਨਬੂਵਤ ਕੀਤੀ ਸੀ ਕਿ ਮਸੀਹਾ ਦੇ ਆਉਣ ਤੋਂ ਪਹਿਲਾਂ ਉਹਦਾ ਰਾਹ ਪੱਧਰਾ ਕਰਨ ਵਾਲਾ ਆਏਗਾ (ਯਸਾਯਾਹ 40:3–5; ਮਲਾਕੀ 3:1; 4:5, 6)। ਜ਼ਕਰਯਾਹ ਯਾਜਕ ਨੂੰ ਦੱਸਿਆ ਗਿਆ ਸੀ ਕਿ ਉਸ ਦਾ ਪੁੱਤਰ ਯੂਹੰਨਾ ਹੀ ਉਹ ਰਾਹ ਪੱਧਰਾ ਕਰਨ ਵਾਲਾ ਹੋਵੇਗਾ (ਲੂਕਾ 1:17)।

ਯਸਾਯਾਹ ਨੇ ਉਸ ਕੰਮ ਨੂੰ, ਜਿਸ ਨੂੰ ਯੂਹੰਨਾ ਨੇ ਕਰਨਾ ਸੀ, ਸੜਕ ਬਣਾਉਣ ਵਾਲੇ ਨਾਲ ਮਿਲਾਇਆ:

ਉਜਾੜ ਵਿਚ ਇਕ ਹੋਕਾ ਦੇਣ ਵਾਲੇ ਦੀ ਅਵਾਜ਼
ਭਈ ਪ੍ਰਭੂ ਦੇ ਰਸਤੇ ਨੂੰ ਤਿਆਰ ਕਰੋ,
ਉਹ ਦੇ ਰਾਹਾਂ ਨੂੰ ਸਿੱਧੇ ਕਰੋ।
ਹਰੇਕ ਖੱਡ ਭਰੀ ਜਾਵੇਗੀ,
ਅਤੇ ਹਰੇਕ ਪਹਾੜ ਅਤੇ ਟਿੱਬਾ ਨੀਵਾਂ ਕੀਤਾ ਜਾਵੇਗਾ,
ਅਤੇ ਵਿੰਗ ਤੜਿੰਗ ਸਿੱਧੇ ਅਤੇ ਖੁਰਦਰੇ ਰਾਹ
ਪੱਧਰੇ ਹੋ ਜਾਣਗੇ (ਲੂਕਾ 3:4, 5; ਵੇਖੋ ਯਸਾਯਾਹ 40:3, 4)।

ਉਸ ਜ਼ਮਾਨੇ ਵਿਚ, ਜਦ ਕਿਸੇ ਰਾਜੇ ਨੂੰ ਟੋਏ ਟਿੱਬੇ ਵਾਲੇ ਪਹਿਆਂ ਵਿੱਚੋਂ ਦੀ ਲੰਘਣਾ ਹੁੰਦਾ ਸੀ, ਤਾਂ ਉਸ ਦੇ ਅੱਗੇ ਸੜਕ ਬਣਾਉਣ ਵਾਲੇ, ਜ਼ਮੀਨ ਨੂੰ ਪੱਧਰੀ ਕਰਕੇ ਰਸਤਾ ਸਾਫ਼ ਕਰਦੇ ਸਨ। ਨਬੀ ਨੇ ਇਸੇ ਰੂਪਕ ਨੂੰ ਵਰਤਿਆ ਹੋਵੇਗਾ। ਯਕੀਨਨ, ਯੂਹੰਨਾ ਨੇ ਕੰਮ ਦੇ ਸੰਬਧ ਵਿਚ ਜ਼ਮੀਨ ਤੇ ਬਣੇ ਖੱਡਿਆਂ ਨੂੰ ਨਹੀਂ, ਬਲਕਿ ਅਗਿਆਨਤਾ ਦੀ ਖੱਡ ਨੂੰ ਭਰਨਾ ਸੀ। ਪਥਰੀਲੀਆਂ ਪਹਾੜੀਆਂ ਨੂੰ ਨਹੀਂ, ਬਲਕਿ ਘਮੰਡ ਦੇ ਪਹਾੜ ਨੂੰ ਢਾਇਆ ਜਾਣਾ ਸੀ। ਮਸੀਹਾ ਦੇ ਸਬੰਧ ਵਿਚ ਟੇਢੀਆਂ ਧਾਰਣਾਵਾਂ ਨੂੰ ਸਚਿਆਈ ਦੀ ਸਿੱਖਿਆ ਨਾਲ ਸਿੱਧਾ ਕੀਤਾ ਜਾਣਾ ਸੀ।

ਕੁੱਲ ਮਿਲਾ ਕੇ, ਯਹੂਦੀ ਲੋਕਾਂ ਵਿਚ ਮਸੀਹਾ ਅਤੇ ਉਸ ਦੇ ਕੰਮ ਦੀ ਸਮਝ ਨਹੀਂ ਸੀ। ਉਨ੍ਹਾਂ ਦੇ ਵਿਚਾਰ ਮੁਤਾਬਿਕ ਉਸ ਨੇ ਬਾਦਸ਼ਾਹ ਹੋਣਾ ਸੀ, ਜਿਸ ਨੇ ਆਪਣੇ ਦੁਸ਼ਮਣਾਂ ਦਾ ਖਾਤਮਾ ਕਰਕੇ ਉਨ੍ਹਾਂ ਦੇ ਦੇਸ਼ ਦੀ ਪੁਰਾਣੀ ਸ਼ਾਨ ਵਾਪਸ ਲਿਆਉਣੀ ਸੀ। ਯੂਹੰਨਾ ਸਾਹਮਣੇ ਇਸ ਵਿਚਾਰ ਦੀ ਸ਼ੁਰੂਆਤ ਕਰਨ ਦੀ ਚੁਣੌਤੀ ਸੀ ਕਿ ਮਸੀਹਾ ਦਾ ਰਾਜ *ਰੂਹਾਨੀ* ਹੋਵੇਗਾ, ਜਿਸ ਵਿਚ *ਰੂਹਾਨੀ* ਸ਼ਰਤਾਂ ਹੋਣਗੀਆਂ।

**ਯੂਹੰਨਾ ਦਾ ਪ੍ਰਚਾਰ**[2]

ਯੂਹੰਨਾ ਨੂੰ ਜਦ ਅਸੀਂ ਪਿਛਲੀ ਵਾਰ ਵੇਖਿਆ ਸੀ, ਤਾਂ ਉਹ ''ਉਜਾੜ ਵਿਚ'' ਸੀ (ਲੂਕਾ 1:80)।[3] ਉਸ ਬੰਜਰ ਉਜਾੜ ਵਿਚ, ਉਹ ਸੰਜਮ ਭਰੀ ਜ਼ਿੰਦਗੀ ਜੀ ਰਿਹਾ ਸੀ। ਉਹ ਖੁਰਦਰੇ ਬਸਤਰ ਪਹਿਨਦਾ ਸੀ (ਮੱਤੀ 3:4; ਵੇਖੋ 2 ਰਾਜਿਆਂ 1:8) ਅਤੇ ਟਿੱਡੀਆਂ ਅਤੇ ਜੰਗਲੀ ਸ਼ਹਿਦ ਖਾਂਦਾ ਸੀ (ਮੱਤੀ 3:4)।

ਅਖ਼ੀਰ ਉਸ ਨੂੰ ''ਪਰਮੇਸ਼ੁਰ ਦਾ ਵਚਨ'' ਮਿਲਿਆ (ਲੂਕਾ 3:2), ਜੋ ਉਹਦੇ ਲਈ ਪ੍ਰਚਾਰ ਸ਼ੁਰੂ ਕਰਨ ਦਾ ਸੰਕੇਤ ਸੀ। ਲੂਕਾ ਨੇ ਪੰਜ ਸਿਆਸੀ ਆਗੂਆਂ[4] ਅਤੇ ਦੋ ਧਾਰਮਿਕ ਆਗੂਆਂ[5] ਦੀ ਵਰਤੋਂ ਕਰਕੇ ਯੂਹੰਨਾ ਦੀ ਸੇਵਕਾਈ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ (ਲੂਕਾ 3:1, 3)।

ਯੂਹੰਨਾ ਦੇ ਪ੍ਰਚਾਰ ਵਿਚ ਮੁੱਖ ਸ਼ਬਦ ''ਤੌਬਾ'' ਸੀ (ਮੱਤੀ 3:2)। ''ਤੌਬਾ'' ਤੋਂ ਭਾਵ ਹੈ ''ਮਨ ਦਾ ਬਦਲਣਾ, ਜੋ ਜ਼ਿੰਦਗੀ ਬਦਲ ਜਾਣ ਦਾ ਕਾਰਣ ਬਣਦਾ ਹੈ।'' ਤੌਬਾ ਕਰਨ ਦੀ ਇੱਛਾ ਨਾ ਰੱਖਣ ਵਾਲਿਆਂ ਨੂੰ ਖ਼ੁਦਾ ਦੇ ਕਹਿਰ ਦਾ ਸਾਹਮਣਾ ਕਰਨਾ ਪੈਣਾ ਸੀ (ਮੱਤੀ 3:7, 10; ਲੂਕਾ 3:9)। ਰਾਜ ਕਿਸੇ ਖ਼ਾਸ ਕੌਮ ਦੇ ਲੋਕਾਂ ਲਈ ਨਹੀਂ, ਬਲਕਿ ਇਕ ਖ਼ਾਸ ਨੈਤਿਕ ਸੁਭਾਅ ਵਾਲੇ ਲੋਕਾਂ ਲਈ ਸੀ (ਮੱਤੀ 3:8, 9; ਲੂਕਾ 3:8)।

ਬਦਲਾਅ ਦੀ ਲੋੜ ਦੇ ਸਬੰਧ ਵਿਚ, ਯੂਹੰਨਾ ਨੇ ਆਮ ਢੰਗ ਨਾਲ ਨਹੀਂ, ਬਲਕਿ ਖ਼ਾਸ ਢੰਗ ਨਾਲ ਕਿਹਾ। ਉਸ ਨੇ ਉਨ੍ਹਾਂ ਨੂੰ ''ਤੌਬਾ ਜੋਗਾ ਫਲ'' ਲਿਆਉਣ ਲਈ ਆਖਿਆ (ਮੱਤੀ 3:8; ਵੇਖੋ ਲੂਕਾ 3:8)। ਉਸ ਨੇ ਸਪੱਸ਼ਟ ਉਦਾਹਰਣਾਂ ਦਿੱਤੀਆਂ। ਉਸ ਨੇ ਖੁਦਗਰਜ਼ ਭੀੜ ਨੂੰ ਆਪੋ ਵਿਚ ਵੰਡ ਖਾਣ (ਲੂਕਾ 3:11),[6] ਸਰਕਾਰੀ ਅਫ਼ਸਰਾਂ ਨੂੰ ਈਮਾਨਦਾਰ ਬਣਨ (ਲੂਕਾ 3:13) ਅਤੇ ਇਖ਼ਤਿਆਰ ਵਾਲਿਆਂ ਨੂੰ ਆਪਣੇ ਇਖ਼ਤਿਆਰ ਦੀ ਦੁਰਵਰਤੋਂ ਨਾ ਕਰਨ ਲਈ ਆਖਿਆ (ਲੂਕਾ 3:14)। ਉਸ ਨੇ ਸਭ ਨੂੰ ਆਪੋ ਆਪਣੇ ਪਾਪਾਂ ਨੂੰ ਮੰਨਣ ਲਈ ਆਖਿਆ (ਮਰਕੁਸ 1:5)। ਅਜਿਹਾ

ਨਾ ਕਰਨ ਵਾਲਿਆਂ ਨੂੰ ਉਸ ਨੇ ਸੱਪ ਦੇ ਬੱਚੇ ਆਖਿਆ (ਮੱਤੀ 3:7)। ਕੁਝ ਲੋਕ ਅੱਜ ਇਸ ਨੂੰ ''ਘਾਹ ਵਿਚ ਸੱਪ'' ਕਹਿਣਗੇ।[7]

ਉਸ ਦੀ ਦਲੇਰੀ ਦੇ ਬਾਵਜੂਦ ਜਾਂ ਸ਼ਾਇਦ ਇਸੇ ਦੇ ਕਾਰਣ, ਕਾਫ਼ੀ ਲੋਕ ਉਹਦੇ ਮਗਰ ਆ ਗਏ। ''ਅਤੇ ਸਾਰਾ ਯਹੂਦੀਆ ਦੇਸ ਅਰ ਯਰੂਸ਼ਲਮ ਦੇ ਸਾਰੇ ਰਹਿਣ ਵਾਲੇ ਨਿੱਕਲ ਕੇ ਉਹ ਦੇ ਕੋਲ ਚੱਲੇ ਆਉਣ[8] ਅਤੇ ਆਪੋ ਆਪਣਿਆਂ ਪਾਪਾਂ ਨੂੰ ਮੰਨ ਕੇ ਯਰਦਨ ਨਦੀ ਵਿਚ ਉਹਦੇ ਹੱਥੋਂ ਬਪਤਿਸਮਾ ਲੈਂਦੇ ਸਨ''[9] (ਮਰਕੁਸ 1:5)।

### ਯੂਹੰਨਾ ਦਾ ਕੰਮ

ਬਪਤਿਸਮਾ ਯੂਹੰਨਾ ਦੀ ਸੇਵਕਾਈ ਦਾ ਅਹਿਮ ਹਿੱਸਾ ਸੀ। ਕੁਝ ਲੋਕ ਯੂਹੰਨਾ ਦੇ ਬਪਤਿਸਮੇ ਵਿਚ ਯਹੂਦੀਆਂ ਦੇ ਰਵਾਇਤੀ ਧੋਣ ਦੀ ਗੱਲ ਨੂੰ ਲੱਭਦੇ ਸਨ, ਪਰ ਯੂਹੰਨਾ ਦਾ ਬਪਤਿਸਮਾ ਨਿਰਾਲਾ ਸੀ।[10] ਯੂਹੰਨਾ ''ਬਪਤਿਸਮਾ ਦੇਣ ਵਾਲਾ'' ਦੇ ਨਾਂਅ ਨਾਲ ਮਸ਼ਹੂਰ ਹੋ ਗਿਆ (ਮੱਤੀ 3:1), ਕਿਉਂਕਿ ਉਹ ਉਸ ਦਾ ਖ਼ਾਸ ਕੰਮ ਸੀ।[11]

''ਬਪਤਿਸਮਾ ਦੇਣ ਵਾਲਾ'' ਲਈ ਅੰਗ੍ਰੇਜ਼ੀ ਸ਼ਬਦ "Baptist" (ਬੈਪਟਿਸਟ) ਯੂਨਾਨੀ ਸ਼ਬਦ ਦਾ ਹੀ ਰੂਪ ਹੈ। ਅੰਤਲੇ (*-tes*) ਤੋਂ ਸੰਕੇਤ ਮਿਲਦਾ ਸੀ ਕਿ ''ਬਪਤਿਸਮਾ ਦੇਣਾ'' ਲਈ ਯੂਨਾਨੀ ਸ਼ਬਦ ਵਿਚ ਇਕ ਖ਼ਾਸ ਗੁਣ ਜੋੜ ਦਿੱਤਾ ਗਿਆ ਸੀ। ਇਸ ਅੰਤ ਨੂੰ ਮੋਟੇ ਤੌਰ ਤੇ ''ਐਕਟਰ'' ਅਤੇ ''ਡਾਕਟਰ'' ਵਿਚ ''ਟਰ'' ਨਾਲ ਮਿਲਾਇਆ ਜਾ ਸਕਦਾ ਹੈ। ''ਬੈਪਟਿਸਟ'' ਦਾ ਮੂਲ ਅਰਥ ਹੈ, ''ਜੋ ਬਪਤਿਸਮਾ ਦਿੰਦਾ ਹੈ।'' ਇਸੇ ਧਾਰਣਾ ਨੂੰ ਵਿਖਾਉਣ ਵਾਲਾ ਸ਼ਬਦ ''ਬਪਤਿਸਮਾ ਦੇਣ ਵਾਲਾ'' ਹੈ। ਇਸ ਲੜੀ ਵਿਚ ਯੂਹੰਨਾ ਲਈ ਮੈਂ ''ਬਪਤਿਸਮਾ ਦੇਣ ਵਾਲਾ'' ਸ਼ਬਦ ਹੀ ਵਰਤਾਂਗਾ।

ਯੂਹੰਨਾ ਲੋਕਾਂ ਨੂੰ ਯਰਦਨ ਨਦੀ ਵਿਚ ਬਪਤਿਸਮਾ ਦਿੰਦਾ ਸੀ। ਹਰ ਕਿਸੇ ਤਕ ਆਪਣੀ ਅਵਾਜ਼ ਪਹੁੰਚਾਉਣ ਲਈ ਜ਼ਾਹਿਰ ਹੈ ਕਿ ਉਹ ਨਦੀ ਦੇ ਉੱਪਰੋਂ ਥੱਲੇ ਵੱਲ ਆਉਂਦਾ ਹੋਵੇਗਾ। ਲੂਕਾ 3:3 ਕਹਿੰਦਾ ਹੈ, ''ਅਤੇ ਉਸ ਨੇ ਯਰਦਨ ਦੇ ਸਾਰੇ ਲਾਂਭ ਛਾਂਭ ਦੇ ਦੇਸ਼ ਵਿਚ ਆਣ ਕੇ ਪ੍ਰਚਾਰ ਕੀਤਾ।'' ਲਿਵਿੰਗ ਬਾਈਬਲ ਵਿਚ ਇਸ ਵਾਕ ਨੂੰ ''ਫਿਰ ਯੂਹੰਨਾ ਨਦੀ ਦੇ ਦੋਵੇਂ ਪਾਸੇ ਇਕ ਤੋਂ ਦੂਜੀ ਥਾਂ ਜਾਂਦਾ'' ਹੈ। ਸਾਨੂੰ ਉਨ੍ਹਾਂ ਕਈ ਇਲਾਕਿਆਂ ਬਾਰੇ ਦੱਸਿਆ ਗਿਆ ਸੀ, ਜਿੱਥੇ ਉਹ ਬਪਤਿਸਮਾ ਦਿੰਦਾ ਸੀ (ਯੂਹੰਨਾ 1:28; 3:23)।

ਯੂਹੰਨਾ ਡੁਬਕੀ ਨਾਲ ਬਪਤਿਸਮਾ ਦਿੰਦਾ ਸੀ। ''ਬਪਤਿਸਮਾ ਦੇਣਾ'' ਯੂਨਾਨੀ ਸ਼ਬਦ ਦਾ ਪੰਜਾਬੀ ਰੂਪ ਹੈ, ਜਿਸ ਦਾ ਮਤਲਬ ਹੈ, ''ਗੋਤਾ ਜਾਂ ਚੁੱਭੀ ਲਾਉਣਾ।''[12] ਯੂਨਾਨੀ ਅਰਥ ਦਾ ਪਤਾ ਨਾ ਹੋਣ ਦੇ ਬਾਵਜੂਦ ਅਸੀਂ ਜਾਣ ਸਕਦੇ ਹਾਂ ਕਿ ਯੂਹੰਨਾ ਡੁਬਕੀ ਨਾਲ ਹੀ ਬਪਤਿਸਮਾ ਦਿੰਦਾ ਸੀ। ਯੂਹੰਨਾ 3:23 ਜ਼ੋਰ ਦੇ ਕੇ ਆਖਦਾ ਹੈ ਕਿ ''ਯੂਹੰਨਾ ਵੀ ਸਲੇਮ ਦੇ ਨੇੜੇ ਐਨੋਨ ਵਿਚ ਬਪਤਿਸਮਾ ਦਿੰਦਾ ਸੀ ਕਿਉਂਕਿ ਉੱਥੇ ਜਲ ਬਹੁਤ ਸੀ।'' ਛੱਟੇ ਲਈ ''ਬਹੁਤ ਜਲ'' ਦੀ ਲੋੜ ਨਹੀਂ ਹੁੰਦੀ, ਪਰ ਡੁਬਕੀ ਲਈ ਹੁੰਦੀ ਹੈ। ਯੂਹੰਨਾ ਤੋਂ ਬਪਤਿਸਮਾ ਲੈਣ ਦੇ ਬਾਅਦ ਯਿਸੂ ਜੋ ਮਸੀਹ ਹੈ, ''ਪਾਣੀ ਵਿੱਚੋਂ ਨਿੱਕਲ ਕੇ ਬਾਹਰ ਆਇਆ'' (ਮਰਕੁਸ 1:10; ਵੇਖੋ ਮੱਤੀ 3:16)। ਜੇ ਯੂਹੰਨਾ ਛੱਟੇ ਨਾਲ ਬਪਤਿਸਮਾ ਦਿੰਦਾ ਹੁੰਦਾ ਤਾਂ ਜਿਹੜੀ ਗੱਲ ਅੱਜ ਛੱਟੇ ਨਾਲ ਬਪਤਿਸਮਾ ਦੇਣ ਵਾਲਿਆਂ ਨੂੰ ਪਾਣੀ ਵਿਚ ਜਾਣੋ ਰੋਕਦੀ ਹੈ ਉਸੇ ਨੇ ਉਸ ਨੂੰ ਪਾਣੀ ਵਿਚ ਜਾਣ ਤੋਂ ਰੋਕਣਾ ਸੀ।

ਯੂਹੰਨਾ ਦੇ ਬਪਤਿਸਮੇ ਨੂੰ ''ਪਾਪਾਂ ਦੀ ਮਾਫ਼ੀ ਲਈ ਤੌਬਾ ਦਾ ਬਪਤਿਸਮਾ'' ਕਿਹਾ ਜਾਂਦਾ ਸੀ (ਮਰਕੁਸ 1:4; ਲੂਕਾ 3:3)। ਇਸ ਨੂੰ ''ਤੌਬਾ ਦਾ ਬਪਤਿਸਮਾ'' ਕਿਹਾ ਜਾਂਦਾ ਸੀ, ਕਿਉਂਕਿ ਇਹ ਤੌਬਾ ਨੂੰ ਵਿਖਾਉਣ ਲਈ ਸੀ।[13] ਇਹ ''ਪਾਪਾਂ ਦੀ ਮਾਫ਼ੀ ਲਈ'' ਸੀ ਕਿਉਂਕਿ ਯੂਹੰਨਾ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਦੇ ਦੋਸ਼ੀ ਠਹਿਰਾਉਣ ਦੇ ਨਾਲ ਨਾਲ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਦੀ ਉਮੀਦ ਵੀ ਦਿੰਦਾ ਸੀ।

ਉਸ ਦਾ ਬਪਤਿਸਮਾ ਮਨੁੱਖਤਾ ਦੇ ਪਾਪਾਂ ਲਈ ਮਸੀਹ ਦੀ ਮੌਤ ਦੀ ਅੱਗਿਓਂ ਖਬਰ ਸੀ।

**ਯੂਹੰਨਾ ਦਾ ਮਕਸਦ**

ਯੂਹੰਨਾ ਦਾ ਮੁੱਖ ਮਕਸਦ ਲੋਕਾਂ ਦੇ ਮਨਾਂ ਅਤੇ ਜ਼ਿੰਦਗੀਆਂ ਨੂੰ ਮਸੀਹਾ ਲਈ ਤਿਆਰ ਕਰਨਾ ਸੀ (ਵੇਖੋ ਯੂਹੰਨਾ 3:28)। ਉਸ ਨੇ ਲੋਕਾਂ ਦੀ ਭੀੜ ਨੂੰ ਦੱਸਿਆ, ''ਜਿਹੜਾ ਮੇਰੇ ਪਿੱਛੇ ਆਉਣ ਵਾਲਾ ਹੈ ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹ ਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ'' (ਮੱਤੀ 3:11; ਵੇਖੋ ਯੂਹੰਨਾ 1:27, 30)। ਜੁੱਤੀ ਚੁੱਕਣ ਦਾ ਕੰਮ ਸੇਵਕ ਦਾ ਹੁੰਦਾ ਹੈ। ਯੂਹੰਨਾ ਅਸਲ ਵਿਚ ਇਹ ਕਹਿ ਰਿਹਾ ਸੀ ਕਿ ''ਮੈਂ ਉਸ ਦਾ ਦਾਸ ਬਣਨ ਦੇ ਵੀ ਯੋਗ ਨਹੀਂ ਹਾਂ।''

ਉਸ ਨੇ ਆਪਣੇ ਅਤੇ ਮਸੀਹ ਦੇ ਕੰਮ ਵਿਚ ਫ਼ਰਕ ਕੀਤਾ: ''ਮੈਂ ਤਾਂ ਪਾਣੀ ਨਾਲ ਤੁਹਾਨੂੰ ਤੌਬਾ ਦਾ ਬਪਤਿਸਮਾ ਦਿੰਦਾ ਹਾਂ, ... ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦਵੇਗਾ'' (ਮੱਤੀ 3:11)। ਸੰਦਰਭ ਤੋਂ ਪਤਾ ਲਗਦਾ ਹੈ ਕਿ ਪਵਿੱਤਰ ਆਤਮਾ ਨਾਲ ਬਪਤਿਸਮਾ ਅਤੇ ਅੱਗ ਨਾਲ ਬਪਤਿਸਮਾ ਦੋਵੇਂ ਇੱਕੋ ਨਹੀਂ ਹਨ। ਯੂਹੰਨਾ ਰਲੇ ਮਿਲੇ ਲੋਕਾਂ ਨਾਲ ਗੱਲ ਕਰ ਰਿਹਾ ਸੀ, ਜਿਸ ਵਿੱਚੋਂ ਕਈਆਂ ਨੇ ਉਸ ਦੀ ਗੱਲ ਮੰਨ ਲਈ ਸੀ ਪਰ ਕਈਆਂ ਨੇ ਨਹੀਂ (ਮੱਤੀ 3:5–7)।[14] ਪਵਿੱਤਰ ਆਤਮਾ ਨਾਲ ਬਪਤਿਸਮਾ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਮਗਰੋਂ ਪਹਿਲੇ ਪੈਂਟੀਕਾਸਟ ਵਾਲੇ ਦਿਨ ਰਸੂਲਾਂ ਨੂੰ ਮਿਲਿਆ ਸੀ (ਰਸੂਲਾਂ ਦੇ ਕੰਮ 1:5, 8; 2:1–4)। ਉਨ੍ਹਾਂ ਨੂੰ ਆਤਮਾ ਦੀ ਸਮਰੱਥਾ ਵਿਚ ਡੁਬਕੀ ਦਿੱਤੀ ਗਈ ਸੀ। ਦੂਜੇ ਪਾਸੇ ਅੱਗ ਦਾ ਬਪਤਿਸਮਾ ਕਿਆਮਤ ਵਾਲੇ ਦਿਨ ਅੱਗ ਵਿਚ ਕੁਧਰਮੀਆਂ ਨੂੰ ਡੁਬਕੀ ਦੇਣ ਵੱਲ ਇਸ਼ਾਰਾ ਕਰਦਾ ਹੈ (ਮੱਤੀ 3:12)।

## ਮਸੀਹਾ ਦਾ ਬਪਤਿਸਮਾ ਹੋਇਆ
## (ਮੱਤੀ 3:13-17; ਮਰਕੁਸ 1:9-11; ਲੂਕਾ 3:21, 22; ਯੂਹੰਨਾ 1:31-34)

ਯੂਹੰਨਾ ਦੀ ਮਸ਼ਹੂਰੀ ਦੇ ਸਿਖਰ ਤੇ ਮਸੀਹ ਬਾਰੇ ਅੱਗਿਓਂ ਜਾਣ ਦੇ ਸਿਖਰ ਤੇ ਬਪਤਿਸਮਾ ਲੈਣ ਲਈ ਯਿਸੂ ਉਸ ਕੋਲ ਗਿਆ। ਉਸ ਸਮੇਂ ਮਸੀਹ ''ਤੀਹਾਂ ਕੁ ਵਰ੍ਹਿਆਂ ਦਾ'' ਸੀ (ਲੂਕਾ 3:23)।

ਅਸੀਂ ਨਹੀਂ ਜਾਣਦੇ ਕਿ ਯੂਹੰਨਾ ਨੇ ਯਿਸੂ ਨੂੰ ਪਹਿਲਾਂ ਵੇਖਿਆ ਸੀ ਜਾਂ ਨਹੀਂ ਜਿਵੇਂ ਕਿ ਪਹਿਲਾਂ ਧਿਆਨ ਦੁਆਇਆ ਗਿਆ ਹੈ, ਦੋਹਾਂ ਦੀਆਂ ਮਾਵਾਂ ਆਪਸ ਵਿਚ ਰਿਸ਼ਤੇਦਾਰ ਵੀ ਸਨ ਅਤੇ ਸਹੇਲੀਆਂ ਵੀ।[15] ਹੋ ਸਕਦਾ ਹੈ ਕਿ ਯੂਹੰਨਾ ਅਤੇ ਯਿਸੂ ਪਹਿਲਾਂ ਵੀ ਮਿਲ ਚੁੱਕੇ ਹੋਣ, ਸ਼ਾਇਦ ਯਰੂਸ਼ਲਮ ਦੇ ਪਰਬ ਦੌਰਾਨ ਕਿਸੇ ਸਮੇਂ। ਉਹ ਪਹਿਲਾਂ ਮਿਲੇ ਸਨ ਜਾਂ ਨਹੀਂ, ਪਰ ਯੂਹੰਨਾ ਨੂੰ ਕਿਸੇ ਤਰ੍ਹਾਂ ਪਤਾ ਸੀ ਕਿ ਹੋਰਨਾਂ ਲੋਕਾਂ ਵਾਂਗ ਯਿਸੂ ਬਪਤਿਸਮਾ ਲੈਣ ਦੀ ਉਡੀਕ ਨਹੀਂ ਕਰ ਰਿਹਾ। ਯੂਹੰਨਾ ਦਾ ਬਪਤਿਸਮਾ ਤੌਬਾ ਦਾ ਬਪਤਿਸਮਾ ਸੀ, ਅਤੇ ਯਿਸੂ ਨੇ ਕੋਈ ਪਾਪ ਨਹੀਂ ਕੀਤਾ ਸੀ, ਜਿਹਦੇ ਲਈ ਉਸ ਨੂੰ ਤੌਬਾ ਕਰਨ ਦੀ ਲੋੜ ਹੁੰਦੀ। ਉਸ ਦਾ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਸੀ ਅਤੇ ਯਿਸੂ ਨੇ ਕੋਈ ਪਾਪ ਨਹੀਂ ਕੀਤਾ ਸੀ ਕਿ ਉਸ ਨੂੰ ਮਾਫ਼ੀ ਮੰਗਣ ਦੀ ਲੋੜ ਹੁੰਦੀ। ਪਹਿਲਾਂ ਤਾਂ ਯੂਹੰਨਾ ਨੇ ਮਸੀਹ ਨੂੰ ਬਪਤਿਸਮਾ ਦੇਣੋਂ ਨਾਂਹ ਕਰ ਦਿੱਤੀ: ''ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ, ਅਤੇ ਤੂੰ ਮੇਰੇ ਕੋਲ ਆਇਆ ਹੈਂ?''(ਮੱਤੀ 3:14)।

ਯਿਸੂ ਨੇ ਸਾਡੇ ਵਾਂਗ ਕੋਈ ਪਾਪ ਨਹੀਂ ਕੀਤਾ ਸੀ, ਤਾਂ ਭਲਾ ਉਸ ਨੇ ਬਪਤਿਸਮਾ ਕਿਉਂ ਲਿਆ? ਮਸੀਹ ਨੇ ਇਸ ਸਵਾਲ ਦਾ ਜਵਾਬ ਆਪੇ ਦਿੱਤਾ। ਉਸ ਨੇ ਯੂਹੰਨਾ ਨੂੰ ਆਖਿਆ, ''ਹੁਣ ਹੋਣ ਦਿਹ ਕਿਉਂਕਿ ਸਾਨੂੰ ਯੋਗ ਹੈ ਜੋ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ''[16] (ਮੱਤੀ 3:15)। ਯੂਹੰਨਾ ਦਾ ਬਪਤਿਸਮਾ ''ਸੁਰਗ ਵੱਲੋਂ'' ਸੀ (ਵੇਖੋ ਮੱਤੀ 21:25), ਅਤੇ ਯੂਹੰਨਾ ਦਾ ਬਪਤਿਸਮਾ ਲੈਣ ਤੋਂ ਨਾਂਹ ਕਰਨ ਵਾਲਿਆਂ ਨੇ ''ਆਪਣੇ ਲਈ ਪਰਮੇਸ਼ੁਰ ਦੀ ਜੁਗਤ ਨੂੰ ਟਾਲ ਦਿੱਤਾ'' (ਲੂਕਾ 7:30)

। ਯਿਸੂ ਖ਼ੁਦਾ ਦੀ ਮਰਜ਼ੀ ਦਾ ਮਰਕਜ਼ ਬਣੇ ਰਹਿਣ ਨੂੰ ਸਮਰਪਿਤ ਸੀ[17] ਅਤੇ ਉਹ ਇਸ ਗੱਲ ਨੂੰ ਸਮਝਦਾ ਸੀ ਕਿ ਯੂਹੰਨਾ ਦਾ ਬਪਤਿਸਮਾ ਉਸ ਇੱਛਾ ਦਾ ਇਕ ਭਾਗ ਹੈ। ਇਸ ਲਈ ਉਸ ਦੇ ਮਨ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਸ ਨੇ ਕੀ ਕਰਨਾ ਹੈ। ਉਸ ਦਾ ਬਪਤਿਸਮਾ ਲੈਣਾ ਜ਼ਰੂਰੀ ਸੀ ਅਤੇ ਉਸ ਨੇ ਲਿਆ। ਕੀ ਇਹ ਸ਼ਾਨਦਾਰ ਗੱਲ ਨਹੀਂ ਹੋਵੇਗੀ ਕਿ ਅੱਜ ਬਪਤਿਸਮੇ ਬਾਰੇ ਸਭ ਦੀ ਸੋਚ ਯਿਸੂ ਵਾਂਗ ਹੀ ਸਕਾਰਾਤਮਕ ਹੋਵੇ?

ਯੂਹੰਨਾ ਯਿਸੂ ਨੂੰ ਬਪਤਿਸਮਾ ਦੇਣ ਲਈ ਤਿਆਰ ਹੋ ਗਿਆ। ਬਪਤਿਸਮਾ ਲੈ ਕੇ, ਮਸੀਹ ਜਦ ਦੁਆ ਕਰ ਰਿਹਾ ਸੀ (ਲੂਕਾ 3:21)[18] ਤਾਂ ਯੂਹੰਨਾ ਨੇ ਕੁਝ ਹੈਰਾਨੀਜਨਕ ਗੱਲਾਂ ਵੇਖੀਆਂ ਅਤੇ ਸੁਣੀਆਂ।

> ਅਤੇ ਜਦ ਯਿਸੂ ਬਪਤਿਸਮਾ ਲੈ ਚੁੱਕਿਆ ਤਾਂ ਝੱਟ ਪਾਣੀ ਤੋਂ ਉੱਪਰ ਆਇਆ ਅਤੇ ਵੇਖੋ, ਅਕਾਸ਼ ਉਹ ਦੇ ਲਈ ਖੁੱਲ੍ਹ ਗਿਆ ਅਤੇ ਉਹ ਨੇ ਪਰਮੇਸ਼ੁਰ ਦਾ ਆਤਮਾ ਕਬੂਤਰ ਵਾਂਙੂ ਉੱਤਰਦਾ[19] ਅਤੇ ਆਪਣੇ ਉੱਤੇ ਆਉਂਦਾ ਵੇਖਿਆ। ਅਤੇ ਵੇਖੋ ਇਕ ਸੁਰਗੀ ਬਾਣੀ ਆਈ ਕਿ ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸੰਨ ਹਾਂ। (ਮੱਤੀ 3:16, 17)।[20]

ਇੰਜ ਖ਼ੁਦਾ ਨੇ ਯਿਸੂ ਦੇ ਤੀਹ ਜਾਂ ਇਸ ਤੋਂ ਵੱਧ ਤਿਆਰੀ ਦੇ ਵਰ੍ਹਿਆਂ ਤੇ ਮੰਜ਼ੂਰੀ ਦੀ ਮੋਹਰ ਲਾਈ, ਅਤੇ ਇੰਜ ਉਸ ਨੇ ਉਸ ਨੂੰ ਆਪਣੀ ਸੇਵਕਾਈ ਵਾਸਤੇ ਤਿਆਰ ਕੀਤਾ (ਵੇਖੋ ਲੂਕਾ 4:18; ਰਸੂਲਾਂ ਦੇ ਕੰਮ 10:38)।

ਹੋ ਸਕਦਾ ਹੈ ਕਿ ਇਸ ਘਟਨਾ ਤੋਂ ਪਹਿਲਾਂ, ਯੂਹੰਨਾ ਨੂੰ ਲੱਗਾ ਹੋਵੇ ਕਿ ਯਿਸੂ ਹੀ ਮਸੀਹਾ ਹੈ, ਪਰ ਉਸ ਨੂੰ ਪੱਕਾ ਪਤਾ ਨਹੀਂ ਸੀ। ਖ਼ੁਦਾ ਨੇ ਉਸ ਨੂੰ ਦੱਸਿਆ ਸੀ ਕਿ ਉਹ ਮਸੀਹਾ ਨੂੰ ਕਿਵੇਂ ਪਛਾਣੇਗਾ: ''ਜਿਹਦੇ ਉੱਤੇ ਤੂੰ ਆਤਮਾ ਨੂੰ ਉੱਤਰਦਾ ਅਤੇ ਉਸ ਉੱਤੇ ਠਹਿਰਦਾ ਵੇਖੇਂ ਇਹ ਉਹੋ ਹੈ ਜੋ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੰਦਾ ਹੈ'' (ਯੂਹੰਨਾ 1:33)। ਅਸਮਾਨ ਤੋਂ ਆਤਮਾ ਨੂੰ ਉੱਤਰਦਿਆਂ ਵੇਖ ਕੇ ਯੂਹੰਨਾ ਦੇ ਤਾਂ ਪੈਰ ਭੁੰਜੇ ਨਹੀਂ ਲਗ ਰਹੇ ਹੋਣਗੇ। ਖ਼ੁਦਾ ਨੇ ਆਪਣਾ ਵਾਅਦਾ ਨਿਭਾ ਦਿੱਤਾ ਸੀ! ਮਸੀਹ ਆ ਚੁਕਿਆ ਸੀ!

## ਮਸੀਹਾ ਨੂੰ ਪਰਖਿਆ ਗਿਆ
## (ਮੱਤੀ 4:1-11; ਮਰਕੁਸ 1:12, 13; ਲੂਕਾ 4:1-13)

ਯਿਸੂ ਦੇ ਬਪਤਿਸਮੇ ਦੇ ਵੇਰਵੇ ਦੇ ਫ਼ੌਰਨ ਬਾਅਦ ਉਸ ਦੀ ਅਜ਼ਮਾਇਸ਼ ਦਾ ਵਰਣਨ ਆਉਂਦਾ ਹੈ। ਬਪਤਿਸਮੇ ਦਾ ਮਤਲਬ ਅਜ਼ਮਾਇਸ਼ ਮੁੱਕ ਗਈ ਨਹੀਂ ਹੁੰਦਾ। ਬਪਤਿਸਮਾ ਲੈਣ ਨਾਲ ਸ਼ੈਤਾਨ ਆਪਣੇ ਹੱਮਲੇ ਘੱਟ ਨਹੀਂ ਕਰ ਦਿੰਦਾ, ਸਗੋਂ ਇਸ ਤੋਂ ਉਲਟ ਉਹ ਆਪਣੇ ਹਮਲੇ ਹੋਰ ਵਧਾ ਦਿੰਦਾ ਹੈ। ਹਕੀਕਤ ਇਹ ਹੈ ਕਿ ਅਸੀਂ ਬਪਤਿਸਮਾ ਲੈ ਲਿਆ ਹੈ, ਦਾ ਮਤਲਬ ਇਹ ਹੈ ਕਿ ਸਾਨੂੰ ਉਨ੍ਹਾਂ ਅਜ਼ਮਾਇਸ਼ਾਂ ਦਾ ਸਾਹਮਣਾ ਕਰਨ ਲਈ ਖ਼ੁਦਾ ਦੀ ਮਦਦ ਮਿਲਦੀ ਹੈ (1 ਕੁਰਿੰਥੀਆਂ 10:13; ਇਬਰਾਨੀਆਂ 13:5)।

ਅਜ਼ਮਾਇਸ਼ਾਂ ਦੇ ਹੈਰਾਨੀਜਨਕ ਪਹਿਲੂਆਂ ਵਿੱਚੋਂ ਇਕ ''ਤਦ ਯਿਸੂ *ਆਤਮਾ ਦੀ ਅਗਵਾਈ* ਨਾਲ ਉਜਾੜ ਵਿਚ ਗਿਆ ਸ਼ੈਤਾਨ ਕੋਲੋਂ ਪਰਤਾਇਆ ਜਾਵੇ'' ਸ਼ਬਦਾਂ ਵਿਚ ਮਿਲਦਾ ਹੈ (ਮੱਤੀ 4:1; ਵੇਖੋ ਲੂਕਾ 4:1)। ਖ਼ੁਦਾ ਦੇ ਮਕਸਦਾਂ ਨੂੰ ਪੂਰਾ ਕਰਨ ਲਈ ਯਿਸੂ ਦਾ ਪਰਖਿਆ ਜਾਣਾ ਜ਼ਰੂਰੀ ਸੀ।

ਅਸੀਂ ਖ਼ੁਦਾ ਦੇ ਮਕਸਦਾਂ ਨੂੰ ਪੂਰੀ ਤਰ੍ਹਾਂ ਕਦੇ ਸਮਝ ਨਹੀਂ ਪਾਵਾਂਗੇ, ਪਰ ''ਅਜ਼ਮਾਇਸ਼'' ਸ਼ਬਦ ਤੋਂ ਸਾਨੂੰ ਇਕ ਸੰਕੇਤ ਮਿਲ ਜਾਂਦਾ ਹੈ। ਯੂਨਾਨੀ ਸ਼ਬਦ ਦੇ ਪੰਜਾਬੀ ਅਨੁਵਾਦ ''ਪਰਤਾਇਆ'' ਦਾ ਮਤਲਬ ''ਪਰਖ'' ਵੀ ਸਮਝਿਆ ਜਾ ਸਕਦਾ ਹੈ। ਸ਼ੈਤਾਨ ਦੇ ਨਜ਼ਰੀਏ ਤੋਂ, ਉਜਾੜ ਵਿਚ ਯਿਸੂ ਦਾ

ਜਾਣਾ *ਅਜ਼ਮਾਇਸ਼* ਦਾ ਸਮਾਂ ਸੀ, ਜਿਸ ਵਿਚ ਸ਼ੈਤਾਨ ਨੇ ਮਸੀਹ ਨੂੰ ਪਾਪ ਕਰਨ ਲਈ ਉਕਸਾਉਣ ਦੀ ਅਜ਼ਮਾਇਸ਼ ਕੀਤੀ। (ਉਸ ਦੇ ਮਕਸਦ ਨੂੰ ਨਾਸ ਕਰਨ ਲਈ ਉਸ ਤੋਂ ਇੱਕੋ ਵਾਰ ਪਾਪ ਕਰਵਾਉਣਾ ਕਾਫ਼ੀ ਸੀ।) ਪਰ ਖ਼ੁਦਾ ਦੇ ਨਜ਼ਰੀਏ ਤੋਂ ਚਾਲੀ ਦਿਨਾਂ ਦਾ ਸਮਾਂ *ਪਰਖ ਕਰਨ* ਦਾ ਭਾਵ ਯਿਸੂ ਦੀ ਅਸਲੀ ਕਦਰ ਅਤੇ ਸੁਭਾਅ ਨੂੰ ਸਾਬਤ ਕਰਨ ਦਾ ਸੀ।[21]

ਨਵੇਂ ਨੇਮ ਵਿਚ ਤਿੰਨ ਅਜ਼ਮਾਇਸ਼ਾਂ ਮਿਲਦੀਆਂ ਹਨ।[22] ਬੁਨਿਆਦੀ ਤੌਰ ਤੇ 1 ਯੂਹੰਨਾ 2:16 ਵਿਚ ਪੇਸ਼ ਅਜ਼ਮਾਇਸ਼ ਦੇ ਤਿੰਨ ਪਹਿਲੂ ਹਨ: ''ਸਰੀਰ ਦੀ ਕਾਮਨਾ [ਭੁੱਖ ਮਿਟਾਉਣ ਲਈ ਪੱਥਰ ਨੂੰ ਰੋਟੀਆਂ ਬਣ ਜਾਣ ਲਈ ਕਹਿਣਾ], ਨੇਤਰਾਂ ਦੀ ਕਾਮਨਾ [ਦੁਨੀਆਂ ਦੀਆਂ ਬਾਦਸ਼ਾਹੀਆਂ ਦੀ ਸ਼ਾਨ-ਓ-ਸ਼ੌਕਤ] ਅਤੇ ਜੀਉਣ ਦਾ ਅਭਿਮਾਨ [ਹੈਕਲ ਤੋਂ ਛਾਲ ਮਾਰਨ ਦੇ ਬਾਵਜੂਦ ਸੁਰੱਖਿਅਤ ਰਹਿਣ ਤੇ ਭੀੜ ਨੂੰ ਦੰਗ ਕਰ ਦੇਣਾ]।''

ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਕਿਹਾ ਹੈ ਕਿ ਯਿਸੂ ''ਸਾਰੀਆਂ ਗੱਲਾਂ ਵਿਚ ਸਾਡੇ ਵਾਂਗ ਪਰਤਾਇਆ ਗਿਆ'' (ਇਬਰਾਨੀਆਂ 4:15)। ਮਸੀਹ ਉੱਤੇ ਉਹ ਹਜ਼ਾਰਾਂ ਅਜ਼ਮਾਇਸ਼ਾਂ ਨਹੀਂ ਆਈਆਂ, ਜਿਹੜੀਆਂ ਸਾਡੇ ਤੇ ਰੋਜ਼ ਆਉਂਦੀਆਂ ਹਨ, ਪਰ ਉਸ ਨੇ ਸਾਡੇ ਉੱਤੇ ਆਉਣ ਵਾਲੀ ਹਰ *ਤਰ੍ਹਾਂ ਦੀ* ਅਜ਼ਮਾਇਸ਼ ਸਹੀ। ਮੱਤੀ 4 ਅਤੇ ਲੂਕਾ 4 ਅਧਿਆਇ ਵਿਚ ਸਾਡੇ ਉੱਤੇ ਆਉਣ ਵਾਲੀਆਂ ਅਜ਼ਮਾਇਸ਼ਾਂ ਉਨ੍ਹਾਂ ਦੀ *ਨੁਮਾਇੰਦਗੀ* ਕਰਨ ਵਾਲੀਆਂ ਅਜ਼ਮਾਇਸ਼ਾਂ ਹਨ।

ਇਹ ਵਿਚਾਰ ਕਿ ਯਿਸੂ ਦੀ ਪਰਖ ਹੋ ਸਕਦੀ ਹੈ, ਕੁਝ ਲੋਕਾਂ ਨੂੰ ਪਰੇਸ਼ਾਨ ਕਰਦਾ ਹੈ। ਕੁਝ ਲੋਕ ਇਸ ਲਈ ਇਸ ਤੋਂ ਪਰੇਸ਼ਾਨ ਹੁੰਦੇ ਹਨ ਕਿ ਉਨ੍ਹਾਂ ਮੁਤਾਬਿਕ ਤਾਂ ਪਰਗਾਵੇ ਵਿਚ ਪੈਣ ਦਾ ਮਤਲਬ ਪਾਪ ਕਰਨਾ ਹੁੰਦਾ ਹੈ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ''ਜਦ ਤਕ ਕੋਈ ਮਨੁੱਖ ਗਲਤੀ ਕਰਨਾ ਨਾ ਚਾਹੇ, ਤਦ ਤਕ ਉਹ ਪਰਤਾਵੇ ਵਿਚ ਨਹੀਂ ਪੈਂਦਾ।'' ਇਸ ਤੋਂ ਕੁਝ ਲੋਕ ਇਸ ਕਰਕੇ ਪਰੇਸ਼ਾਨ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਮੁਤਾਬਕ ਇਹ ਸੰਭਾਵਨਾ ਕਿ ਯਿਸੂ ਪਾਪ ਕਰ ਸਕਦਾ ਸੀ, ਹੈਰਾਨ ਕਰਨ ਵਾਲੀ ਹੈ।

ਅਜ਼ਮਾਇਸ਼ ਜਾਂ ਪਰਤਾਵੇ ਬਾਰੇ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ, ਜਿਨ੍ਹਾਂ ਨੂੰ ਮੈਂ ਜਾਂ ਤੁਸੀਂ ਕਦੇ ਨਹੀਂ ਸਮਝ ਸਕਦੇ, ਇਹ ਯਿਸੂ ਦੇ ਪੂਰਣ ਮਨੁੱਖ ਹੋਣ ਦੇ ਨਾਲ ਨਾਲ ਪੂਰਣ ਖ਼ੁਦਾ ਹੋਣ ਦੇ ਦਾਇਰੇ ਵਿਚ ਵੀ ਆਉਂਦੀਆਂ ਹਨ।[23] ਤਾਂ ਵੀ ਇਹ ਤਿੰਨ ਫ਼ੈਸਲੇ ਪੱਕੇ ਹੋ ਸਕਦੇ ਹਨ: (1) ਯਿਸੂ ਦੀ ਅਜ਼ਮਾਇਸ਼ ਹੋ ਸਕਦੀ ਸੀ। ਨਹੀਂ ਤਾਂ ਅਜ਼ਮਾਇਸ਼ ਦੀ ਕਹਾਣੀ ਵਿਚ ਕੋਈ ਮਕਸਦ ਨਹੀਂ ਹੁੰਦਾ। ਮੈਨੂੰ ਇਹ ਸਮਝ ਆਵੇ ਜਾਂ ਨਾ ਕਿ ਇਹ ਅਜ਼ਮਾਇਸ਼ ਕਿਵੇਂ ਹੋਈ, ਪਰ ਵਚਨ *ਦੱਸਦਾ* ਹੈ ਕਿ ਯਿਸੂ ਦੀ ਅਜ਼ਮਾਇਸ਼ ਹੋਈ। (2) ਅਜ਼ਮਾਇਸ਼ ਵਿਚ ਪੈਣਾ ਆਪਣੇ ਆਪ ਵਿਚ ਪਾਪ ਨਹੀਂ ਹੈ। ਇਸ ਵਿਰਤਾਂਤ ਵਿਚ ਇਹ ਸਚਿਆਈ ਹੈ। ਅਜ਼ਮਾਇਸ਼ ਵਿਚ ਪੈਣਾ ਨਹੀਂ, ਬਲਕਿ ਅਜ਼ਮਾਇਸ਼ ਵਿਚ ਹਾਰ ਮੰਨ ਲੈਣਾ ਪਾਪ ਹੈ। (3) ਯਿਸੂ ਨੇ ਅਜ਼ਮਾਇਸ਼ ਵਿਚ ਹਾਰ ਨਹੀਂ ਮੰਨੀ। ਉਹ ''ਸਾਰੀਆਂ ਗੱਲਾਂ ਵਿਚ ਸਾਡੇ ਵਾਂਙੂ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ'' (ਇਬਰਾਨੀਆਂ 4:15)।[24] ਇਹਦੇ ਲਈ ਖ਼ੁਦਾ ਦਾ ਸ਼ੁਕਰ ਕਰੋ! ਮਸੀਹ ਨੇ ਜੇ ਪਾਪ ਕੀਤਾ ਹੁੰਦਾ ਤਾਂ ਉਹ ਸਲੀਬ ਤੇ ''ਸਾਡੇ ਲਈ ਪਾਪ'' ਨਹੀਂ ਬਣ ਸਕਦਾ ਸੀ, ਜਿਸ ਕਰਕੇ ਅਸੀਂ ''ਉਸਦੇ ਵਿਚ ਹੋ ਕੇ ਪਰਮੇਸ਼ੁਰ ਦੀ ਧਾਰਮਿਕਤਾ ਬਣ ਜਾਈਏ'' (2 ਕੁਰਿੰਥੀਆਂ 5:21)!

ਮਸੀਹ ਦੀ ਅਜ਼ਮਾਇਸ਼ ਦੇ ਬਾਅਦ ''ਸੁਰਗਦੂਤ ਆ ਕੇ ਉਸ ਦੀ ਟਹਿਲ ਕਰਨ ਲੱਗੇ'' (ਮੱਤੀ 4:11)। ਖ਼ੁਦਾ ਸਾਨੂੰ ਸਾਡੀ ਜ਼ਿੰਦਗੀ ਵਿਚ ਆਉਣ ਵਾਲੀ ਅਜ਼ਮਾਇਸ਼ ਕਰਕੇ ਹੀ ਛੱਡ ਨਹੀਂ ਦਿੰਦਾ।

## ਮਸੀਹਾ ਦਾ ਐਲਾਨ ਹੋਇਆ (ਯੂਹੰਨਾ 1:19-34)

ਅਜ਼ਮਾਇਸ਼ ਦੇ ਬਾਅਦ, ਯਿਸੂ ਉਸ ਇਲਾਕੇ ਵਿਚ ਚਲਿਆ ਗਿਆ, ਜਿੱਥੇ ਯੂਹੰਨਾ ਪ੍ਰਚਾਰ ਕਰ ਰਿਹਾ ਸੀ (ਆਇਤਾਂ 26, 29)।

**ਇਨਕਾਰ**

ਜ਼ਾਹਿਰ ਹੈ ਕਿ ਯੂਹੰਨਾ ਦੀ ਵਧ ਰਹੀ ਮਸ਼ਹੂਰੀ ਨਾਲ ਯਰੂਸ਼ਲਮ ਦੇ ਆਗੂ ਘਬਰਾ ਗਏ ਸਨ। ਇਸ ਲਈ ਫ਼ਰੀਸੀਆਂ ਨੇ (ਯੂਹੰਨਾ 1:24) ਨਬੀ ਤੋਂ ਪੁੱਛਣ ਲਈ ਯਾਜਕਾਂ ਅਤੇ ਲੇਵੀਆਂ ਨੂੰ ਭੇਜਿਆ। ਉਹ ਜਾਣਨਾ ਚਾਹੁੰਦੇ ਸਨ ਕਿ ਉਹ ਆਉਣ ਵਾਲਾ ਮਸੀਹਾ (ਖ੍ਰਿਸਟੁਸ)[25] ਹੈ ਜਾਂ ਏਲੀਯਾਹ, ਜਾ ''ਉਹ ਨਬੀ।'' ਯੂਹੰਨਾ ਨੇ ਜ਼ੋਰ ਦੇ ਕੇ ਆਖਿਆ, ''ਨਹੀਂ'' (ਯੂਹੰਨਾ 1:19–21)।

''ਖ੍ਰਿਸਟੁਸ'' ਸ਼ਬਦ ਦੇ ਨਾਲ ''ਉਹ ਨਬੀ'' ਸ਼ਬਦ ਦੀ ਵਰਤੋਂ, ਯਹੂਦੀ ਧਾਰਮਿਕ ਆਗੂਆਂ ਦੀ ਉਲਝਣ ਨੂੰ ਵਿਖਾਉਂਦੀ ਹੈ। ਮਸੀਹਾ ਦੀਆਂ ਕੁਝ ਨਬੂਵਤਾਂ ਉਨ੍ਹਾਂ ਦੇ ਆਪਣੇ ਬਣਾਏ ਵਿਚਾਰਾਂ ਨਾਲ ਮੇਲ ਨਹੀਂ ਖਾਂਦੀਆਂ ਸਨ। ਇਸ ਕਰਕੇ ਉਨ੍ਹਾਂ ਉਹ ਫ਼ੈਸਲਾ ਲਿਆ ਕਿ ਉਹ ਆਇਤਾਂ ਉਸੇ ਬਾਰੇ ਹੋਣਗੀਆਂ, ਜਿਹਦੇ ਲਈ ਮੂਸਾ ਨੇ ਕਿਹਾ ਸੀ ਕਿ ਉਹ ਮੇਰੇ ਵਰਗਾ ਨਬੀ ਹੋਵੇਗਾ (ਵਿਵਸਥਾਸਾਰ 18:15)। ਮੂਸਾ ਦੇ ਸ਼ਬਦ ਆਉਣ ਵਾਲੇ ਮਸੀਹ ਲਈ ਕਹੇ ਗਏ ਸਨ,[26] ਪਰ ਯਹੂਦੀ ਧਾਰਮਿਕ ਗੁਰੂਆਂ ਨੇ ਇਕ ਵੱਖਰੀ ਖ਼ਿਆਲੀ ਸ਼ਖਸੀਅਤ ਬਣਾ ਲਈ ਸੀ, ਜਿਸ ਨੂੰ ''ਉਹ ਨਬੀ'' ਕਿਹਾ ਜਾਂਦਾ ਸੀ।

ਯੂਹੰਨਾ ਦੇ ਜ਼ੋਰ ਦੇ ਕੇ ਕਹਿਣ ਤੇ ਕਿ ਉਹ ਏਲੀਯਾਹ ਨਹੀਂ ਸੀ, ਤੁਸੀਂ ਹੈਰਾਨ ਹੋ ਸਕਦੇ ਹੋ (ਯੂਹੰਨਾ 1:21)। ਆਖ਼ਰ ਉਸ ਨੇ ਆਪਣੇ ਸਭ ਪੁੱਛਣ ਵਾਲਿਆਂ ਨੂੰ ਇਹੀ ਕਹਿੰਦਿਆਂ ਕਿ ਉਹ ਮਸੀਹ ਦੇ ਅੱਗੇ ਆਉਣ ਵਾਲਾ ਹੈ ਅਤੇ ਯਸਾਯਾਹ 40:3 ਵਿੱਚੋਂ ਦੁਹਰਾਇਆ। ਯਸਾਯਾਹ 40:3 ਦੀ ਨਬੂਵਤ ਮਲਾਕੀ 3:1 (ਮਰਕੁਸ 1:2, 3[27]) ਨਾਲ ਜੁੜੀ ਹੈ, ਜੋ ਮਸੀਹਾ ਦੇ ਅੱਗੇ ਆਉਣ ਵਾਲੇ ਬਾਰੇ ਦੱਸਦਾ ਹੈ, ਜਿਸ ਨੂੰ ਮਲਾਕੀ ਨੇ ''ਏਲੀਯਾਹ ਨਬੀ'' ਕਿਹਾ (ਮਲਾਕੀ 4:5)। ਯੂਹੰਨਾ ਮਲਾਕੀ ਦੀ ਨਬੂਵਤ ਵਾਲਾ ''ਏਲੀਯਾਹ'' ਹੀ ਸੀ। ਯਿਸੂ ਨੇ ਖ਼ੁਦ ਬਾਅਦ ਵਿਚ ਇਸ ਗੱਲ ਦੀ ਤਸਦੀਕ ਕੀਤੀ ਕਿ ਇਹ ਸਹੀ ਹੈ। ਉਸ ਨੇ ਕਿਹਾ, ''ਆਉਣ ਵਾਲਾ ਏਲੀਯਾਹ ਯੂਹੰਨਾ ਹੀ ਹੈ'' (ਮੱਤੀ 11:14; ਵੇਖੋ 17:10–13)।

ਫਿਰ, ਯੂਹੰਨਾ ਨੇ ਏਲੀਯਾਹ ਹੋਣੋਂ ਨਾਂਹ ਕਿਉਂ ਕੀਤੀ? ਯਹੂਦੀਆਂ ਦਾ ਖ਼ਿਆਲ ਸੀ ਕਿ *ਮੂਲ* ਏਲੀਯਾਹ ਕਿਸੇ ਨਵੀਂ ਦੇਹ ਵਿਚ ਵਾਪਸ ਆਏਗਾ।[28] ਯੂਹੰਨਾ ਇਸ ਤੋਂ ਇਨਕਾਰ ਕਰ ਰਿਹਾ ਸੀ ਕਿ ਉਹ ਦੇਹ ਵਿਚ ਏਲੀਯਾਹ ਹੈ। ਉਹ ''ਏਲੀਯਾਹ ਦੀ *ਆਤਮਾ ਅਤੇ ਸਮਰੱਥਾ ਵਿਚ*'' ਤਾਂ ਆਇਆ (ਲੂਕਾ 1:17;), ਪਰ ਅਸਲ ਵਿਚ ਉਹ ਮੂਲ ਏਲੀਯਾਹ ਦੀ ਆਤਮਾ ਨਹੀਂ ਸੀ।

**ਐਲਾਨ**

ਯੂਹੰਨਾ ਵੱਲੋਂ ਯਰੂਸ਼ਲਮ ਤੋਂ ਆਏ ਲੋਕਾਂ ਦਾ ਸਾਹਮਣਾ ਕਰਨ ਦੇ ਇਕ ਦਿਨ ਬਾਅਦ, ਉਸ ਨੂੰ ਮਸੀਹਾ ਦੇ ਰੂਪ ਵਿਚ ਯਿਸੂ ਵੱਲ ਲੋਕਾਂ ਦਾ ਧਿਆਨ ਦੁਆਉਣ ਦਾ ਪਹਿਲੀ ਵਾਰ ਮੌਕਾ ਮਿਲਿਆ।... ਉਸ ਨੇ ਯਿਸੂ ਨੂੰ ਆਪਣੇ ਵੱਲ ਆਉਂਦਾ ਵੇਖ ਕੇ ਕਿਹਾ, ''ਵੇਖੋ, ਪਰਮੇਸ਼ੁਰ ਦਾ ਲੇਲਾ, ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ!'' (ਯੂਹੰਨਾ 1:29)।

ਧਿਆਨ ਦਿਓ ਕਿ ਯੂਹੰਨਾ ਨੇ ਯਿਸੂ ਦੀ ਪਛਾਣ, ''ਸਾਡੇ ਦੁਸ਼ਮਣਾਂ ਨੂੰ ਹਰਾਉਣ ਵਾਲੇ ਫ਼ੌਜੀ ਵਿਜੇਤਾ' ਦੇ ਰੂਪ ਵਿਚ ਨਹੀਂ ਬਲਕਿ ਖ਼ੁਦਾ ਦੇ ਲੇਲੇ ਦੇ ਰੂਪ ਵਿਚ ''ਜਿਹੜਾ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ!'' ਕਰਵਾਈ। ਯਿਸੂ ਜ਼ਿੰਦਗੀ ਦਾ ਉੱਤਮ ਰਾਹ ਦੱਸਣ ਭਾਵ ਨਮੂਨਾ ਦੇਣ ਲਈ ਆਇਆ ਕਿ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ; ਪਰ ਪਹਿਲੇ ਅਤੇ ਸਭ ਤੋਂ ਪਹਿਲਾਂ ਉਹ ਸਾਡੇ ਪਾਪਾਂ ਦੇ ਨਮਿੱਤ ਮਰਨ ਆਇਆ (ਵੇਖੋ ਲੂਕਾ 19:10)। ਲੇਲੇ ਸਿੱਖਿਆ ਦੇਣ ਲਈ ਨਹੀਂ ਹੁੰਦੇ ਸਨ। ਪਾਪ ਨਾਲ ਉਨ੍ਹਾਂ ਦਾ ਸਬੰਧ ਵੇਦੀ ਤੇ ਉਨ੍ਹਾਂ ਦੇ ਕੁਰਬਾਨ ਹੋਣ ਵਿਚ ਸੀ। ਯਿਸੂ ਸਾਡਾ ਪਸਾਹ ਦਾ ਲੇਲਾ (1 ਕੁਰਿੰਥੀਆਂ 5:7), ਬਲਕਿ ''ਨਿਰਦੋਸ਼ ਅਤੇ ਬੇਬੱਜ ਲੇਲਾ'' ਹੈ (1 ਪਤਰਸ 1:19)।

ਯੂਹੰਨਾ ਨੇ ਦੱਸਿਆ ਕਿ ਉਸ ਨੂੰ ਕਿਵੇਂ ਪਤਾ ਲੱਗਾ ਕਿ ਯਿਸੂ ਹੀ ਮਸੀਹ ਹੈ (ਯੂਹੰਨਾ 1:31–

33)। ਉਸ ਨੇ ਸਿੱਟਾ ਕੱਢਿਆ, ''ਮੈਂ ਵੇਖਿਆ ਅਤੇ ਗਵਾਹੀ ਦਿੱਤੀ ਹੈ ਕਿ ਇਹੀ ਪਰਮੇਸ਼ੁਰ ਦਾ ਪੁੱਤਰ ਹੈ'' (ਯੂਹੰਨਾ 1:34)।

ਵਿਹਾਰਕ ਤੌਰ ਤੇ ਯੂਹੰਨਾ ਦਾ ਕੰਮ ਪੂਰਾ ਹੋ ਚੁੱਕਾ ਸੀ, ਭਾਵੇਂ ਕੁਝ ਹੋਰ ਮਹੀਨੇ ਉਸ ਨੇ ਸਿੱਖਿਆ ਅਤੇ ਬਪਤਿਸਮਾ ਦਿੰਦੇ ਰਹਿਣਾ ਸੀ।[29] ਉਸ ਨੇ ਆਪਣੇ ਲਈ ਖ਼ੁਦਾ ਦਾ ਮਕਸਦ ਈਮਾਨਦਾਰੀ ਨਾਲ ਨਿਭਾਇਆ ਸੀ। ਕੋਈ ਵੀ ਹੋਰ ਬੰਦਾ ਇਸ ਨਾਲੋਂ ਵੱਧ ਨਹੀਂ ਕਰ ਸਕਦਾ ਸੀ।

## ਸਾਰ

ਯਿਸੂ ਦੇ ਕੰਮ ਲਈ ਪੂਰੀ ਤਿਆਰੀ ਹੋ ਚੁੱਕੀ ਸੀ। ''ਸਭ ਗੱਲਾਂ ਦਾ ਪਹਿਲੀ ਵਾਰ ਹੋਣਾ'' ਪਾਠ ਵਿਚ, ਅਸੀਂ ਯਿਸੂ ਦੀ ਲੋਕ ਸੇਵਕਾਈ ਦੀ ਸ਼ੁਰੂਆਤ ਵੇਖਾਂਗੇ।

ਯਿਸੂ ਦੀ ਤਿਆਰੀ ਦਾ ਲਾਜ਼ਮੀ ਹਿੱਸਾ ਉਸ ਦਾ ਬਪਤਿਸਮਾ ਸੀ। ਜੇ ਤੁਸੀਂ ਪ੍ਰਭੂ ਦੀ ਸੇਵਾ ਕਰਨੀ ਹੈ, ਤਾਂ ਤੁਹਾਡੇ ਲਈ ਪਹਿਲਾਂ ਵਿਸ਼ਵਾਸ ਕਰਕੇ ਬਪਤਿਸਮਾ ਲੈਣ ਨਾਲ ਉਸ ਦੀ ਸੰਤਾਨ ਬਣਨਾ ਜ਼ਰੂਰੀ ਹੈ (ਗਲਾਤੀਆਂ 3:26, 27)। ਯਿਸੂ ਬਪਤਿਸਮਾ ਲੈਣ ਲਈ ਸੱਤਰ ਤੋਂ ਅੱਸੀ ਮੀਲ ਤੁਰ ਕੇ ਆਇਆ ਸੀ।[30] ਉਮੀਦ ਹੈ ਕਿ ਤੁਸੀਂ ਇਸ ਸਮੇਂ ਬਪਤਿਸਮੇ ਲਈ, ਚੱਲ ਕੇ, ਨੱਸ ਕੇ ਜਾਂ ਗੱਡੀ ਵਿਚ ਬੈਠ ਕੇ ਜਾਣ ਨੂੰ ਤਿਆਰ ਹੋ![31]

---

ਟਿੱਪਣੀਆਂ

[1]ਇਸ ਵਾਕ ਅੰਸ਼ ਦੇ ਅਰਥ ਦੀ ਚਰਚਾ ਲਈ, ਇਸ ਕਿਤਾਬ ਵਿਚ ਅੱਗੇ ''ਸੁਰਗ ਦਾ ਰਾਜ'' ਵੇਖੋ। [2]ਯੂਹੰਨਾ ਦੇ ਕੰਮ ਦੇ ਮਹੱਤਵ ਤੇ ਹੋਰ ਜ਼ੋਰ ਨਹੀਂ ਦਿੱਤਾ ਜਾ ਸਕਦਾ ਸੀ। ਮਰਕੁਸ ਨੇ ਇਸ ਨੂੰ ''ਖੁਸ਼ਖਬਰੀ ਦਾ ਅਰੰਭ'' ਆਖਿਆ (ਮਰਕੁਸ 1:1)। ਰਸੂਲਾਂ ਦੇ ਕੰਮ ਕਿਤਾਬ ਵਿਚ, ਯਿਸੂ ਦੀ ਸੇਵਕਾਈ ਦਾ ਰਵਾਇਤੀ ਅਰੰਭ ਯੂਹੰਨਾ ਦੇ ਬਪਤਿਸਮਾ ਲੈਣ ਵਿਚ ਦੱਸਿਆ ਜਾਂਦਾ ਹੈ (ਰਸੂਲਾਂ ਦੇ ਕੰਮ 1:21, 22; ਵੇਖੋ 10:37, 38)। [3]ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਮਸੀਹ ਆ ਰਿਹਾ ਹੈ'' ਵਿਚ ਯੂਹੰਨਾ ਬਪਤਿਸਮਾ ਦੇਣ ਵਾਲੇ ਤੇ ਚਰਚਾ ਵੇਖੋ। [4]ਪੰਜ ਸਿਆਸੀ ਲੀਡਰਾਂ ਦਾ ਪਿਛੋਕੜ ਜਾਣਨ ਲਈ ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਸੰਸਾਰ ਜਿਸ ਵਿਚ ਮਸੀਹ ਆਇਆ'' ਵੇਖੋ। [5]ਦੋ ਧਾਰਮਿਕ ਲੀਡਰਾਂ ਦਾ ਪਿਛੋਕੜ ਜਾਣਨ ਲਈ ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਸੰਸਾਰ ਜਿਸ ਵਿਚ ਮਸੀਹ ਆਇਆ'' ਵੇਖੋ। [6]ਇਹ ਇਕ ਵਿਹਾਰਕ ਭਾਗ ਹੈ। ਤੁਸੀਂ ਇੱਥੇ ਵਿਚਾਰਾਂ ਨੂੰ ਵਿਸਤਾਰ ਦੇ ਸਕਦੇ ਹੋ। [7]ਇਹ ਇਕ ਅਮਰੀਕੀ ਇਜ਼ਹਾਰ ਹੈ। ਜੇ ਤੁਹਾਡੇ ਦੇਸ਼ ਵਿਚ ਅਜਿਹਾ ਹੀ ਇਜ਼ਹਾਰ ਹੋਵੇ ਤਾਂ ਤੁਸੀਂ ਉਸ ਦੀ ਵਰਤੋਂ ਕਰ ਸਕਦੇ ਹੋ। [8]ਇਸ ਵਾਕ ਵਿਚ ''ਸਾਰੇ ਜਾਂ ਸਭ'' ਦੀ ਦੋ ਵਾਰ ਵਰਤੋਂ ਬਹੁਗਿਣਤੀ ਦਾ ਸੰਕੇਤ ਦੇਣ ਲਈ ਪ੍ਰਤੀਕਾਤਮਕ ਭਾਸ਼ਾ ਹੈ। [9]ਯੂਹੰਨਾ ਦੇ ਬਪਤਿਸਮੇ ਅਤੇ ਗ੍ਰੇਟ ਕਮਿਸ਼ਨ ਦੇ ਬਪਤਿਸਮੇ (ਜਿਸ ਦਾ ਹੁਕਮ ਗ੍ਰੇਟ ਕਮਿਸ਼ਨ ਵਿਚ ਯਿਸੂ ਨੇ ਦਿੱਤਾ ਸੀ, ਵਿਚ ਕਈ ਸਮਾਨਤਾਵਾਂ ਦੱਸੀਆਂ ਜਾ ਸਕਦੀਆਂ ਹਨ [ਮੱਤੀ 28:18–20; ਮਰਕੁਸ 16:15, 16]) । ਇਕ ਇਹ ਹੈ ਕਿ ਯੂਹੰਨਾ ਦਾ ਬਪਤਿਸਮਾ ਲੈਣ ਲਈ ਆਉਣ ਵਾਲਿਆਂ ਨੂੰ ਆਪਣੇ ਪਾਪਾਂ ਦਾ ਇਕਰਾਰ ਕਰਨਾ ਜ਼ਰੂਰੀ ਸੀ, ਜਦਕਿ ਗ੍ਰੇਟ ਕਮਿਸ਼ਨ ਮੁਤਾਬਿਕ ਮਸੀਹ ਦਾ ਬਪਤਿਸਮਾ ਲੈਣ ਲਈ ਆਉਣ ਵਾਲਿਆਂ ਨੂੰ ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 8:35–38; ਰੋਮੀਆਂ 10:9, 10)। [10]ਯੂਹੰਨਾ ਦੇ ਬਪਤਿਸਮੇ ਅਤੇ ਰਵਾਇਤੀ ਧੋਣ ਦੇ ਮਕਸਦ ਅਤੇ ਉਸ ਦੇ ਲੈਣ ਵਿਚ ਕਈ ਗੱਲਾਂ ਫ਼ਰਕ ਹਨ।

[11]ਜੇ ਹੋਰ ਬਹੁਤ ਸਾਰੇ ਲੋਕ ਇਹੀ ਬਪਤਿਸਮਾ ਲੈ ਰਹੇ ਸਨ, ਜਿਵੇਂ ਕਈ ਵਾਰ ਦਾਅਵਾ ਕੀਤਾ ਜਾਂਦਾ ਹੈ, ਤਾਂ ਯੂਹੰਨਾ ਨੂੰ ਐਨਾ ਵੱਖਰਾ ਅਹੁਦਾ ਕਦੇ ਨਾ ਮਿਲਦਾ। [12]*ਦ ਅਨਾਲਿਟੀਕਲ ਗ੍ਰੀਕ ਲੈਕਸਿਕਨ* (ਲੰਡਨ: ਸੈਮੁਏਲ ਬੈਗਸਟਰ ਐਂਡ ਸੰਜ਼ ਲਿ., 1971), 65. [13]ਗ੍ਰੇਟ ਕਮਿਸ਼ਨ ਵਾਲੇ ਬਪਤਿਸਮੇ ਨੂੰ ''ਵਿਸ਼ਵਾਸ ਦਾ

ਬਪਤਿਸਮਾ'' ਕਿਹਾ ਜਾ ਸਕਦਾ ਹੈ, ਕਿਉਂਕਿ ਉਹ ਸਾਡੇ ਵਿਸ਼ਵਾਸ ਨੂੰ ਵਿਖਾਉਂਦਾ ਹੈ। [14]ਮਰਕੁਸ ਜਿਸ ਨੇ ਉਸ ਦੀ ਗੱਲ ਨਾ ਮੰਨਣ ਵਾਲਿਆਂ ਦਾ ਜ਼ਿਕਰ ਨਹੀਂ ਕੀਤਾ ਸੀ, ਨੇ ਸਿਰਫ਼ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਗੱਲ ਕੀਤੀ (ਮਰਕੁਸ 1:8)। ਯੂਹੰਨਾ ਨੇ ਵੀ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਗੱਲ ਕਹੀ ਸੀ (ਯੂਹੰਨਾ 1:33)। ਦੂਜੇ ਪਾਸੇ ਮੱਤੀ ਵਾਂਗ ਲੂਕਾਂ ਨੇ ਜੁੜੇ ਸਰੋਤ ਵਿਖਾਏ (ਲੂਕਾ 3:7) ਅਤੇ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਅੱਗ ਦੇ ਬਪਤਿਸਮੇ ਦੋਹਾਂ ਦੀ ਹੀ ਗੱਲ ਕੀਤੀ (ਲੂਕਾ 3:16)। [15]ਇਸ ਕਿਤਾਬ ਵਿਚ ਪਹਿਲਾਂ ਆਏ ਪਾਠ ''ਖ਼ੁਦਾ ਨੇ ਮਰੀਅਮ ਨੂੰ ਹੀ ਕਿਉਂ ਚੁਣਿਆ'' ਵਿਚ ਮਰੀਅਮ, ਇਲੀਸਬਤ ਤੇ ਚਰਚਾ ਵੇਖੋ। [16]ਜ਼ਬੂਰ ਲਿਖਣ ਵਾਲੇ ਨੇ ਕਿਹਾ ਹੈ ਕਿ ਖ਼ੁਦਾ ਦੇ ਸਭ ਹੁਕਮ ਧਰਮ ਹੀ ਹਨ (ਜ਼ਬੂਰ 119:172)। [17]ਇਸ ਕਿਤਾਬ ਵਿਚ ਅੱਗੇ ਇਕ ਪਾਠ ''ਯਿਸੂ ਦੀ ਅਜ਼ਮਾਇਸ਼'' ਵਿਚ ਇਸ ਹਕੀਕਤ ਤੇ ਜ਼ੋਰ ਦਿੱਤਾ ਗਿਆ ਹੈ। [18]ਲੂਕਾ ਦੀ ਕਿਤਾਬ ਸਾਨੂੰ ਦੱਸਦੀ ਹੈ ਕਿ ਯਿਸੂ ਨੇ ਆਪਣੀ ਜ਼ਿੰਦਗੀ ਵਿਚ ਔਖੇ ਵੇਲੇ ਦੁਆ ਕੀਤੀ (ਵੇਖੋ 6:12, 13; 9:28, 29; 22:44, 45; 23:33, 34, 46)। [19]ਖ਼ੁਦਾ ਦੀ ਪ੍ਰੇਰਣਾ ਪਾਏ ਲੇਖਕ ਨੇ ਇਹ ਨਹੀਂ ਕਿਹਾ ਕਿ ਪਵਿੱਤਰ ਆਤਮਾ ਕਬੂਤਰ ਹੈ, ਬਲਕਿ ਇਹ ਕਿਹਾ ਸੀ ਕਿ ਕਬੂਤਰ ਦੇ ਉੱਤਰਣ ਵਾਂਗ ਹੀ ਉਹ ਉੱਤਰਿਆ। [20]ਖ਼ੁਦਾਈ ਵਿਚ ਤਿੰਨ ਸ਼ਖ਼ਸਾਂ ਤੇ ਚਰਚਾ ਕਰਨ ਲਈ ਇਹ ਆਇਤ ਬਹੁਤ ਵਧੀਆ ਹੈ, ਕਿਉਂਕਿ ਉਸ ਵਕਤ ਤਿੰਨ ਵੱਖੋ ਵੱਖ ਥਾਂ ਤਿੰਨ ਵੱਖੋ ਵੱਖ ਜਣੇ ਸਨ, ਜਿਨ੍ਹਾਂ ਵਿੱਚੋਂ ਹਰੇਕ ਕੁਝ ਨਾ ਕੁਝ ਕਰ ਰਿਹਾ ਸੀ। ਖ਼ੁਦਾ ਦੇ ਤਿੰਨਾਂ ਵਿੱਚੋਂ ਇਕ ਪਹਿਲੂ ਦੀ ਕਾਫ਼ੀ ਅਹਿਮੀਅਤ ਹੈ, ਜੋ ਸਾਨੂੰ ਸਮਝ ਨਹੀਂ ਆਉਂਦੀ, ਪਰ ਅਸੀਂ ਵਿਸ਼ਵਾਸ ਨਾਲ ਇਸ ਨੂੰ ਮੰਨ ਸਕਦੇ ਹਾਂ ਕਿਉਂਕਿ ਬਾਈਬਲ ਇਸ ਨੂੰ ਸਿਖਾਉਂਦੀ ਹੈ।

[21]ਇਹ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਪਰਖ ਜਾਂ ਟੈਸਟ/ਸਾਬਤ ਕਰਨਾ ਖ਼ੁਦਾ ਦੇ ਫ਼ਾਇਦੇ ਲਈ ਨਹੀਂ, ਬਲਕਿ ਸਾਡੇ ਲਈ ਸੀ। ਸਬੂਤ ਦੀ ਲੋੜ ਖ਼ੁਦਾ ਨੂੰ ਨਹੀਂ, ਬਲਕਿ ਸਾਨੂੰ ਸੀ। ਇਸ ਕਰਕੇ ਉਸ ਘਟਨਾ ਦੀਆਂ ਗੱਲਾਂ ਸਾਡੀ ਖ਼ਾਤਿਰ ਲਿਖੀਆਂ ਗਈਆਂ ਸਨ। [22]ਲੂਕਾ 4:2 ਦੇ ਸ਼ਬਦਾਂ ਤੋਂ ਸੁਝਾਅ ਮਿਲਦਾ ਹੈ ਕਿ ਯਿਸੂ ਦੀ ਪਰਖ ਪੂਰੇ ਚਾਲੀ ਦਿਨ ਹੁੰਦੀ ਰਹੀ। ਤਿੰਨ ਦਰਜ ਅਜ਼ਮਾਇਸ਼ਾਂ ਉਸ ਵੱਲੋਂ ਸਹੀਆਂ ਜਾਣ ਵਾਲੀਆਂ ਸਭ ਮੁਸ਼ਕਿਲਾਂ ਦੀ ਹੱਦ ਸੀ। ਮੱਤੀ ਇਕ ਤਰਤੀਬ ਵਿਚ ਅਤੇ ਲੂਕਾ ਹੋਰ ਤਰਤੀਬ ਵਿਚ ਇਨ੍ਹਾਂ ਅਜ਼ਮਾਇਸ਼ਾਂ ਦਾ ਵਰਣਨ ਕਰਦਾ ਹੈ। ਬਹੁਤੇ ਟੀਕਾਕਾਰ ਦਾ ਵਧੀਕ ਲੜੀਬੱਧ ਲਗਦਾ ਹੈ, ਅਤੇ ਇਸੇ ਤਰਤੀਬ ਦੀ ਵਰਤੋਂ ਇਸ ਕਿਤਾਬ ਵਿਚ ਆਏ ਪਾਠ ''ਯਿਸੂ ਦੀ ਅਜ਼ਮਾਇਸ਼'' ਵਿਚ ਕੀਤਾ ਗਿਆ ਹੈ। ਘਟਨਾਵਾਂ ਨੂੰ ਲੜੀਬੱਧ ਢੰਗ ਨਾਲ ਦੇਣ ਦੀ ਲੋੜ ਨਹੀਂ ਹੈ। [23]ਯਿਸੂ ਦੀ ਅਜ਼ਮਾਇਸ਼ ਕਿਵੇਂ ਹੋਈ, ਅਤੇ ਕਈ ਚਰਚਾਵਾਂ ਸਾਡੀ ਜਿਸਮਾਨੀ ਸੋਚ ਲਈ ਘਾਤਕ ਹੋ ਸਕਦੀਆਂ ਹਨ। [24]ਯਿਸੂ ਦੇ ਪਾਪ ਰਹਿਤ ਹੋਣ ਤੇ, ਵੇਖੋ ਯੂਹੰਨਾ 8:46; ਇਬਰਾਨੀਆਂ 7:26; 1 ਪਤਰਸ 1:19; 1 ਯੂਹੰਨਾ 3:5. [25]ਇਸ ਸਭਾ ਵਿਚ ਸਵਾਲ ''ਕੀ ਤੂੰ ਮਸੀਹ ਹੈਂ?'' ਪੁੱਛਿਆ ਜਾਂ ਨਹੀਂ, ਅਸੀਂ ਨਹੀਂ ਜਾਣਦੇ, ਪਰ ਯੂਹੰਨਾ ਨੇ ਸਮਝ ਲਿਆ ਕਿ ਉਹ ਇਹੀ ਜਾਣਨਾ ਚਾਹੁੰਦੇ ਸਨ। [26]ਇਹ ਨਬੂਵਤ ਯਿਸੂ ਵਿਚ ਪੂਰੀ ਹੋਈ (ਰਸੂਲਾਂ ਦੇ ਕੰਮ 3:20, 22)। [27]ਪੰਜਾਬੀ ਅਤੇ ਅੰਗ੍ਰੇਜ਼ੀ ਅਨੁਵਾਦ NASB ਵਿਚ ਭਾਵੇਂ ਮਰਕੁਸ 1:2, 3 ਵਿਚ ਸਿਰਫ਼ ਯਸਾਯਾਹ ਦਾ ਹੀ ਜ਼ਿਕਰ ਹੈ ਪਰ ਇਹ ਨਬੂਵਤਾਂ ਮਲਾਕੀ ਅਤੇ ਯਸਾਯਾਹ ਦੋਹਾਂ ਵਿੱਚੋਂ ਹਨ। ਕੁਝ ਅਨੁਵਾਦਾਂ ਵਿਚ ਵਧੇਰੇ ਮਿਲਦਾ ਜੁਲਦਾ ਵਾਕ ''ਜਿਵੇਂ ਨਬੀਆਂ ਵਿਚ ਲਿਖਿਆ ਹੈ।...'' ਮਿਲਦਾ ਹੈ (ਵੇਖੋ KJV)। [28]ਅੱਜ ਬਹੁਤ ਸਾਰੇ ਯਹੂਦੀ ਏਲੀਯਾਹ ਦੇ ਜਿਸਮ ਵਿਚ ਆਉਣ ਦੀ ਰਾਹ ਤੱਕਦੇ ਹਨ। [29]ਉਸ ਦੀ ਸੇਵਕਾਈ ਅਤੇ ਯਿਸੂ ਦੀ ਸੇਵਕਾਈ ਵਿਚ ਕੁਝ ਹੀ ਮਹੀਨਿਆਂ ਦਾ ਫ਼ਰਕ ਹੈ। ਉਸ ਸਮੇਂ, ਯੂਹੰਨਾ ਦਾ ਕੰਮ ਘਟ ਰਿਹਾ ਸੀ ਅਤੇ ਯਿਸੂ ਦਾ ਵਧ ਰਿਹਾ ਸੀ। ਵੇਖੋ ਯੂਹੰਨਾ 3:22–4:2. [30]ਯਿਸੂ ਕਿੰਨੀ ਦੂਰ ਚੱਲਿਆ, ਇਹ ਇਸ ਤੇ ਨਿਰਭਰ ਹੈ ਕਿ ਯਿਸੂ ਦੇ ਬਪਤਿਸਮਾ ਲੈਣ ਲਈ ਆਉਣ ਵੇਲੇ ਯੂਹੰਨਾ ਕਿੱਥੇ ਸੀ। [31]ਇਕ ਹੋਰ ਪ੍ਰਸੰਗਿਕਤਾ ਦੱਸੀ ਗਈ ਹੈ: ''ਕੀਤੇ ਜਾਣ ਵਾਲੇ ਅਹਿਮ ਕੰਮ ਦੇ ਅਹਿਸਾਸ ਵਿਚ ਲੋੜੀਂਦੀ ਤਿਆਰੀ ਤੇ ਇਕ ਸਬਕ ਹੈ। ਜੇ ਤੁਸੀਂ ਜੋਸ਼ ਨਾਲ ਕੰਮ ਕਰਨ ਵਾਲੇ ਹੋ ਪਰ ਕਦੇ ਕਦੇ ਉਸ ਨੂੰ ਪੂਰਾ ਕਰਦਿਆਂ ਨਾਕਾਮ ਹੋ ਜਾਂਦੇ ਹੋ, ਤਾਂ ਮੈਨੂੰ ਉਮੀਦ ਹੈ ਕਿ ਇਸ ਪਾਠ ਨਾਲ ਤੁਹਾਨੂੰ ਕੰਮ ਪੂਰਾ ਕਰਨ ਦੀ ਹੌਸਲਾਅਫ਼ਜ਼ਾਈ ਮਿਲੀ ਹੈ!''